# ਸੁਰੱਖਿਆ ਸੰਬੰਧੀ ਜੋਖ਼ਮਾਂ ਨੂੰ ਠੀਕ ਕਰਨ ਵਾਸਤੇ ਸੌਫ਼ਟਵੇਅਰ ਅੱਪਡੇਟਸ ਇੰਸਟਾਲ ਕਰੋ

## ਸੁਰੱਖਿਆ ਵਾਸਤੇ ਸੌਫ਼ਟਵੇਅਰ ਨੂੰ ਫੌਰਨ ਅੱਪਡੇਟ ਕਰੋ

ਜਦੋਂ ਅਸੀਂ ਕੋਈ ਅੱਪਡੇਟ ਸੂਚਨਾ ਵੇਖਦੇ ਹਾਂ, ਤਾਂ ਸਾਡੇ ਵਿੱਚੋਂ ਕਈ ਲੋਕ ਸਵੈ-ਚਲਿਤ ਤੌਰ 'ਤੇ "ਮੈਨੂੰ ਬਾਅਦ ਵਿੱਚ ਯਾਦ ਦੁਆਓ" ਬਟਨ ਦੱਬ ਦਿੰਦੇ ਹਨ। ਸੌਫ਼ਟਵੇਅਰ ਅੱਪਡੇਟ ਕਰਨ ਵਿੱਚ ਦੇਰੀ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ! ਸੌਫ਼ਟਵੇਅਰ ਨੂੰ ਨਵੀਨਤਮ ਬਣਾਈ ਰੱਖਣਾ ਔਨਲਾਈਨ ਸੁਰੱਖਿਅਤ ਰਹਿਣ ਦਾ ਇੱਕ ਸੌਖਾ ਤਰੀਕਾ ਹੈ। ਇਸ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਵਾਸਤੇ, ਸਵੈ-ਚਲਿਤ ਅੱਪਡੇਟਸ ਨੂੰ ਚਾਲੂ ਕਰੋ!

### ਸਵੈ-ਚਲਿਤ ਅੱਪਡੇਟਸ ਨੂੰ ਚਾਲੂ ਕਰੋ

ਡਿਵਾਈਸ ਦੀਆਂ ਸੈਟਿੰਗਸ ਵਿੱਚ ਵੇਖੋ, ਸੰਭਾਵੀ ਤੌਰ 'ਤੇ ਸੌਫ਼ਟਵੇਅਰ ਜਾਂ ਸਿਕਉਰਿਟੀ ਦੇ ਤਹਿਤ। ਜਾਂ "ਸਵੈ-ਚਲਿਤ ਅੱਪਡੇਟਸ" ਵਾਸਤੇ ਸੈਟਿੰਗਸ ਖੋਜੋ।

ਸਵੈ-ਚਲਿਤ ਅੱਪਡੇਟਸ



### ਨੋਟੀਫਿਕੇਸ਼ਨਾਂ 'ਤੇ ਨਜ਼ਰ ਰੱਖੋ

ਹਰੇਕ ਅੱਪਡੇਟ ਆਪਣੇ-ਆਪ ਨਹੀਂ ਹੋ ਸਕਦਾ ਹੈ। ਡਿਵਾਈਸਾਂ—ਮੋਬਾਈਲ ਫ਼ੋਨ, ਟੈਬਲੇਟ ਅਤੇ ਲੈਪਟੌਪ—ਆਮ ਤੌਰ 'ਤੇ ਸਾਨੂੰ ਸੂਚਿਤ ਕਰਨਗੇ ਕਿ ਸਾਨੂੰ ਅੱਪਡੇਟਸ ਨੂੰ ਚਲਾਉਣ ਦੀ ਲੋੜ ਹੈ। ਸਾਰੇ ਅੱਪਡੇਟਸ ਨੂੰ ਇੰਸਟਾਲ ਕਰਨਾ ਮਹੱਤਵਪੂਰਨ ਹੁੰਦਾ ਹੈ, ਖ਼ਾਸ ਤੌਰ 'ਤੇ ਵੈੱਬ ਬ੍ਰਾਊਜ਼ਰ ਅਤੇ ਐਂਟੀਵਾਇਰਸ ਸੌਫ਼ਟਵੇਅਰ ਲਈ।

### ਜਿੰਨੀ ਜਲਦੀ ਤੋਂ ਜਲਦੀ ਹੋ ਸਕੇ, ਅੱਪਡੇਟਸ ਨੂੰ ਇੰਸਟਾਲ ਕਰੋ

ਸੌਫ਼ਟਵੇਅਰ ਅੱਪਡੇਟਸ, ਖ਼ਾਸ ਤੌਰ 'ਤੇ ਮਹੱਤਵਪੂਰਨ ਅੱਪਡੇਟਸ ਬਾਰੇ ਸੂਚਿਤ ਕੀਤੇ ਜਾਣ 'ਤੇ ਉਨ੍ਹਾਂ ਨੂੰ ਜਿੰਨੀ ਜਲਦੀ ਤੋਂ ਜਲਦੀ ਹੋ ਸਕੇ, ਇੰਸਟਾਲ ਕਰੋ। ਔਨਲਾਈਨ ਅਪਰਾਧੀ ਉਡੀਕ ਨਹੀਂ ਕਰਨਗੇ ਇਸ ਲਈ ਸਾਨੂੰ ਵੀ ਨਹੀਂ ਕਰਨੀ ਚਾਹੀਦੀ!

## ਫੌਰਨ ਅੱਪਡੇਟ ਕਰਨਾ ਇੰਨਾ ਜ਼ਿਆਦਾ ਮਹੱਤਵਪੂਰਨ ਕਿਉਂ ਹੈ?

ਜੇਕਰ ਕੋਈ ਅਪਰਾਧੀ ਸੁਰੱਖਿਆ ਵਿੱਚ ਕਿਸੇ ਕਮਜ਼ੋਰੀ ਕਰਕੇ ਕਿਸੇ ਡਿਵਾਈਸ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਉਹ ਸ਼ੋਸ਼ਣ ਕਰਨ ਵਾਸਤੇ ਵਿਅਕਤੀਗਤ ਜਾਣਕਾਰੀ ਅਤੇ ਸੰਵੇਦਨਸ਼ੀਲ ਡੇਟਾ ਦੀ ਖੋਜ ਕਰਨਗੇ। ਤਕਨਾਲੋਜੀ ਪ੍ਰਦਾਤਾ ਸੁਰੱਖਿਆ ਕਮਜ਼ੋਰੀਆਂ ਨੂੰ ਜਿੰਨੀ ਜਲਦੀ ਹੋ ਸਕਦਾ ਹੈ “ਪੈਚ” ਕਰਨ ਵਾਸਤੇ ਸੌਫ਼ਟਵੇਅਰ ਅੱਪਡੇਟਸ ਜਾਰੀ ਕਰਦੇ ਹਨ। **ਜੇਕਰ ਅਸੀਂ ਉਨ੍ਹਾਂ ਨੂੰ ਇੰਸਟਾਲ ਨਹੀਂ ਕਰਦੇ, ਤਾਂ ਉਹ ਸਾਡੀ ਰੱਖਿਆ ਨਹੀਂ ਕਰ ਸਕਦੇ ਹਨ!**

ਸੌਫ਼ਟਵੇਅਰ ਅੱਪਡੇਟਸ ਇਹ ਵੀ ਕਰ ਸਕਦੇ ਹਨ:

**ਬੱਗਸ ਨੂੰ ਠੀਕ ਕਰਨਾ**

**ਪ੍ਰਦਰਸ਼ਨ ਵਿੱਚ ਸੁਧਾਰ ਕਰਨਾ**

**ਨਵੀਨਤਮ ਫੀਚਰ ਇੰਸਟਾਲ ਕਰਨਾ**

ਸੌਫ਼ਟਵੇਅਰ ਨੂੰ ਅੱਪਡੇਟ **ਕਰਨਾ ਸਾਡੀ ਦੁਨੀਆ ਨੂੰ ਸੁਰੱਖਿਅਤ** ਰੱਖਣ ਦਾ ਇੱਕ ਤਰੀਕਾ ਹੈ।।



**ਅਸੀਂ ਸਾਰਿਆਂ ਨੂੰ ਔਨਲਾਈਨ ਸੁਰੱਖਿਅਤ ਰਹਿਣ ਵਿੱਚ ਮਦਦ ਕਰ ਸਕਦੇ ਹਾਂ,** ਇਸ ਲਈ ਇਨ੍ਹਾਂ ਸੁਝਾਵਾਂ ਨੂੰ ਪਰਿਵਾਰ ਦੇ ਕਿਸੇ ਮੈਂਬਰ ਜਾਂ ਮਿੱਤਰ ਨਾਲ ਸਾਂਝਾ ਕਰੋ!

cisa.gov/SecureOurWorld